Time(ਸਮਾਂ) -3 hours Class~ 6th Sub: ਗਣਿਤMathematics Total Marks-80

## ਭਾਗ-ੳ PART-A

**1. ਦਿੱਤੇ ਹੋਏ ਵਿਕਲਪਾਂ ਵਿਚੋਂ ਸਹੀ ਵਿਕਲਪ ਚੁਣੋ। ਹਰੇਕ ਪ੍ਰਸ਼ਨ ਦਾ 1 ਅੰਕ ਹੈ ।**

**Choose the correct option from the given options. Each question carries 1 mark.**

(i) ਹੇਠ ਲਿਖਿਆਂ ਵਿੱਚੋਂ ਕਿਹੜੇ ਵੱਧਦੇ ਕ੍ਰਮ ਵਿੱਚ ਹਨ?

Which of the following are in ascending order?

(a) 217, 271, 127, 721 (b) 217, 127, 721, 271
(c) 127, 217, 271, 721 (d) 721, 271, 217, 127


(ii) 38899 ਦਾ ਅਗੇਤਰ ਹੈ :

The successor of 38899 is

(a) 39000 (b) 38900 (c) 39900 (d) 38800

(iii) ਉੱਪਰ ਦਿੱਤੀ ਸੰਖਿਆ ਰੇਖਾ ਸੰਬੰਧੀ ਹੇਠ ਲਿਖਿਆਂ ਵਿੱਚੋਂ ਕਿਹੜਾ ਸਹੀ ਹੈ।

Which of the following statements is true about the given number line.




(a) A ਦਾ ਮੁੱਲ B ਤੋਂ ਜ਼ਿਆਦਾ ਹੈ।

Value of A is greater than value of B.

(b) A ਦਾ ਮੁੱਲ C ਤੋਂ ਜ਼ਿਆਦਾ ਹੈ।

Value of A is greater than value of C.

(c) B ਦਾ ਮੁੱਲ C ਦੇ ਮੁੱਲ ਤੋਂ ਘੱਟ ਹੈ।

Value of B is less than value of C.

(d) C ਦਾ ਮੁੱਲ B ਦੇ ਮੁੱਲ ਤੋਂ ਘੱਟ ਹੈ।

Value of C is less than value of B.

(iv) ਹੇਠਾਂ ਦਿੱਤੀਆਂ ਵਿੱਚੋਂ ਕਿਹੜੀ ਉਚਿਤ ਭਿੰਨ ਹੈ?

Which of the following is a proper fraction?

(a) $\frac{5}{5}$ (b) $\frac{12}{11}$ (c) $\frac{7}{9}$ (d) 7


(v) 2.03 ਦਾ ਵਿਸਤ੍ਰਿਤ ਰੂਪ

2.03 in expanded form

(a) $2 + \frac{3}{10}$ (b) $20 + \frac{3}{10}$ (c) $2 + \frac{3}{100}$ (d) $20 + \frac{3}{100}$

(vi) ਦਿੱਤੀ ਆਕ੍ਰਿਤੀ ਵਿੱਚ ਕਿਹੜਾ ਕੋਣ ਦਰਸਾਇਆ ਗਿਆ ਹੈ।

Which angle is represented in the given figure?



(a) ਨਿਉਨ ਕੋਣ(Acute) (b) ਸਮਕੋਣ(Right angle)
(c) ਅਧਿਕ ਕੋਣ(Obtuse) (d) ਰਿਫ਼ਲੈਕਸ ਕੋਣ(Reflex)

(vii) ਹੇਠ ਦਿੱਤੀਆਂ ਭੁਜਾਵਾਂ ਵਿਚੋਂ ਕਿਹੜੀਆਂ ਤ੍ਰਿਭੁਜ ਦੀਆਂ ਭੁਜਾਵਾਂ ਹਨ।

Which of the following are sides of a triangle?

(a) 1, 2, 3 (b) 2, 2, 7 (c) 3, 4, 2 (d) 5, 6, 1

(viii) 12 ਪੰਨਾਂ ਦਾ ਮੁੱਲ ₹108 ਹੈ। ਅਜਿਹੇ 18 ਪੈੱਨਾਂ ਦਾ ਮੁੱਲ ਪਤਾ ਕਰੋ।

The cost of 12 pens is₹108. Find the cost of 18 such pens.

(a) ₹152 (b) ₹216 (c) ₹162 (d) ₹144

(ix) ਸਭ ਤੋਂ ਛੋਟੀ ਭਾਜ ਸੰਖਿਆ……… ਹੈ ।

The smallest composite number is…………

(a) 1 (b) 2 (c) 3 (d) 4

(x) ਵਰਗ ਦੀ ਹਰੇਕ ਭੁਜਾ ਨੂੰ 's' ਨਾਲ ਦਰਸਾਇਆ ਗਿਆ ਤਾਂ ਵਰਗ ਦਾ ਪਰਿਮਾਪ ਹੈ ।

Each side of square is represented by 's' then perimeter of square is:

(a) 4 + s (b) s – 4 (c) 4s (d) s

(xi) m ਵਿੱਚੋਂ 5 ਘਟਾਇਆ ਗਿਆ =

5 is subtracted from m =…………

(a) 5 – m (b) m + 5 (c) 5 + m (d) m


(xii) ਇੱਕ ਚਤੁਰਭੁਜ ਦੇ............ ਵਿਕਰਨ ਹੁੰਦੇ ਹਨ।

A quadrilateral has………….. diagonals.

(a) 1 (b) 2 (c) 3 (d) 4

(xiii) ਦਿੱਤੇ ਚਿੱਤਰ ਦਾ ਪਰਿਮਾਪ ਪਤਾ ਕਰੋ:

Find the perimeter of the given figures:




(a) 30 ਸਮ(cm) (b) 31 ਸਮ(cm) (c) 32 ਸਮ(cm) (d) 33 ਸਮ(cm)

(xiv) ਇੱਕ ਬੰਦ ਸਮਤਲ ਚਿੱਤਰ ਦੇ ਬੰਦ ਖੇਤਰ ਦੇ ਮਾਪ ਨੂੰ ਇਸਦਾ ..........ਆਖਦੇ ਹਨ।

The measurement of the region enclosed by a closed plane figure is called its…………

(a) ਘੇਰਾ(Circumference) (b) ਵਕਰ(Curve) (c) ਘੇਰਾ(Perimeter) (d) ਖੇਤਰਫਲ(Area)

(xv) ਜੇ☆= 10 ਫੁੱਲ ਹਨ ਤਾਂ ☆ ☆ ☆ ☆ ☆ ਕਿੰਨੇ ਫੁੱਲ ਹੋਣਗੇ ?

If ☆ represents 10 flowers then how many flowers does ☆☆☆☆☆ represent?

(a) 30 (b) 40 (c) 50 (d) 5

(xvi) 14 ਨੂੰ ਮਿਲਾਣ ਚਿੰਨ੍ਹ ਰੂਪ ਵਿੱਚ ਲਿਖੋ।

Which tally marks represents 14?

(a) ~~IIII~~ IIII (b) ~~IIII~~ ~~IIII~~ IIII (c) ~~IIII~~ ~~IIII~~ IIII (d) IIII IIII IIII II

**2. ਖਾਲੀ ਸਥਾਨ ਭਰੋ । ਹਰੇਕ ਪ੍ਰਸ਼ਨ ਦਾ 1 ਅੰਕ ਹੈ । Fill in the blanks. Each question carries 1 mark.**

(i) ਅੰਕਾਂ ਦੀ ਗਿਣਤੀ ______ਹੈ।

The number of digits are _________ .

(ii) ਸਭ ਤੋਂ ਛੋਟੀ ਪੂਰਨ ਸੰਖਿਆ _______ਹੈ ।

The smallest whole number is_____.

(iii) (- 2) + 8 =__________

(iv) ਭਿੰਨਾਂ, ਜਿੰਨ੍ਹਾਂ ਦੇ ਹਰ ਸਮਾਨ ਹੁੰਦੇ ਹਨ_________ ਭਿੰਨਾਂ ਅਖਵਾਉਂਦੀਆਂ ਹਨ।

The fractions having same denominators are called_________ fractions.

(v) $\frac{7}{100}$ =________

(vi) ਇੱਕ ਸਮਾਂਤਰ ਚਤੁਰਭੁਜ ਜਿਸਦੀਆਂ ਲਾਗਵੀਆਂ ਭੁਜਾਵਾਂ ਬਰਾਬਰ ਹੋਣ________ਅਖਵਾਉਂਦਾ ਹੈ।

A parallelogram having adjacent sides equal is called a ________.

(vii) 12 ਸੈਕਿੰਟ ਦਾ 1 ਮਿੰਟ ਨਾਲ ਅਨੁਪਾਤ ______ਹੈ :

The ratio of 24 seconds to 1 minute is_____.

**3. ਦਿੱਤੇ ਪ੍ਰਸ਼ਨਾਂ ਲਈ ਸਹੀ / ਗਲਤ ਉੱਤਰ ਦੀ ਚੋਣ ਕਰੋ । ਹਰੇਕ ਪ੍ਰਸ਼ਨ ਦਾ 1 ਅੰਕ ਹੈ। Select the True / False answer for the given questions. Each question carries 1 mark.**

(i) 23468 ਵਿੱਚ ਅੰਕ 4 ਦਾ ਅੰਕਿਤ ਮੁੱਲ 40 ਹੈ।

The face value of digit 4 in 23468 is 40.

(ii) ਸਭ ਤੋਂ ਛੋਟੀ ਪ੍ਰਾਕ੍ਰਿਤਕ ਸੰਖਿਆ 2 ਹੈ ।

The smallest natural number is 2.

(iii) -9,-8,-7,-5 ਸੰਖਿਆਵਾਂ ਵੱਧਦੇ ਕ੍ਰਮ ਵਿੱਚ ਹਨ।

-9,-8,-7,-5 integers are in ascending order.

(iv) $\frac{20}{35}$ ਭਿੰਨ $\frac{5}{7}$ ਦੀ ਤੁੱਲ ਹੈ।

$\frac{20}{35}$ fraction is an equivalent of $\frac{5}{7}$.

(v) 0.05 ਦਸ਼ਮਲਵ 0.005 ਤੋਂ ਵੱਡਾ ਹੈ।

0.05 decimals is largest from 0.005.

(vi) ਇੱਕ ਘਣ ਦੇ 6 ਕਿਨਾਰੇ ਹਨ।

A cuboid has 6 edges.

(vii) ਇੱਕ ਬੱਸ $2\frac{1}{2}$ ਘੰਟਿਆਂ ਵਿੱਚ 90 ਕਿ.ਮੀ. ਦੀ ਦੂਰੀ ਤੈਅ ਕਰਦੀ ਹੈ। ਤਾਂ 5 ਘੰਟਿਆਂ ਵਿੱਚ ਇਹ 180 ਕਿ.ਮੀ. ਤੈਅ ਕਰੇਗੀ।

A bus travels 90km in $2\frac{1}{2}$ hours. It cover 180 km distance in 5 hours.

## ਭਾਗ-ਅ Part -B

**ਹਰੇਕ ਪ੍ਰਸ਼ਨ ਦਾ 2 ਅੰਕ ਹੈ । Each question carries 2 marks**


4. ਦਿੱਤੇ ਗਏ ਅੰਕਾਂ **9, 7, 0, 3** ਵਿੱਚੋਂ ਬਿਨਾਂ ਕਿਸੇ ਅੰਕ ਨੂੰ ਦੋਹਰਾਏ 4 ਅੰਕਾਂ ਦੀ ਵੱਡੀ ਤੋਂ ਵੱਡੀ ਅਤੇ ਛੋਟੀ ਤੋਂ ਛੋਟੀ ਸੰਖਿਆ ਪਤਾ ਕਰੋ।
From the given digits 9, 7, 0, 3 find the greatest and smallest 4 digit number without repeating any digit.

5. ਸੰਖਿਆ 0, 5, 7 ਨੂੰ ਸੰਖਿਆਂ ਰੇਖਾ ਤੇ ਦਰਸਾਓ।। Show the numbers 0, 5, 7 on the number line.


6. ਚਿੱਤਰ ਵਿੱਚ ਉਹਨਾਂ ਬਿੰਦੂਆਂ ਦੇ ਨਾਮ ਲਿਖੋ ਜੋ ਕਿ:
Name the points in the diagram that*:*

*(i)* ਬੰਦ ਅਕ੍ਰਿਤੀ ਦੇ ਅੰਦਰ ਹੋਣ। Lies inside of closed figure.

*(ii)* ਬੰਦ ਆਕ੍ਰਿਤੀ ਦੇ ਬਾਹਰ ਹੋਣ। Lies ouside of closed figure.




7. ਹੇਠਾਂ ਦਿੱਤੇ ਕੋਣਾਂ ਦਾ ਨਿਊਨ ਕੋਣ, ਅਧਿਕ ਕੋਣ, ਸਮ ਕੋਣ, ਸਰਲ ਕੋਣ ਵਿੱਚ ਵਰਗੀਕਰਨ ਕਰੋ।
Classify the following angles into acute angle, obtusee angle, right angle, straight angle.




## ਭਾਗ-ੲ Part -C

**ਹਰੇਕ ਪ੍ਰਸ਼ਨ ਦਾ 4 ਅੰਕ ਹੈ । Each question carries 4 marks**

8. -15 ਤੋਂ ਵੱਡੀਆਂ ਚਾਰ ਸੰਪੂਰਨ ਸੰਖਿਆਵਾਂ ਲਿਖੋ। Write four integers greater than -15.

9. ਭਿੰਨ $\frac{2}{5}$ ਦੇ ਕੋਈ ਵੀ ਚਾਰ ਸਮਾਨ ਭਿੰਨਾਂ ਲਿਖੋ।Write any four equivalent fractions of the fraction $\frac{2}{5}$.

10. ਰਮਨ ਅਤੇ ਅਸ਼ੀਸ਼ ਦੀ ਕ੍ਰਮਵਾਰ ਉਚਾਈ 1.64 ਮੀਟਰ ਅਤੇ 0.98 ਮੀਟਰ ਹੈ। ਅਸ਼ੀਸ਼ ਰਮਨ ਤੋਂ ਕਿੰਨਾ ਛੋਟਾ ਹੈ?
The heights of Raman and Ashish are 1.64 m and 0.98 m respectively.How much younger is Ashish Raman?

ਜਾਂ Or

ਹੱਲ ਕਰੋ: 64.26+ 43.589+13.42 Solve *:* 64.26+ 43.589+13.42

11. ਸੰਖਿਆ ਪਤਾ ਕਰੋ ਜੋ x ਦੇ ਦੁੱਗਣੇ ਤੋਂ 1 ਵੱਧ ਹੋਵੇ।

ਜਾਂ Or

ਹੇਠ ਦਿੱਤਿਆਂ ਲਈ ਵਿਅੰਜਕ ਲਿਖੋ। Write an expression for the following.

(i) p ਵਿੱਚ 10 ਜੋੜਿਆ ਗਿਆ। 10 added to p. (ii) y ਵਿੱਚੋਂ 5 ਘਟਾਇਆ ਗਿਆ। 5 subtracted from y.

12. ਦਿੱਤੇ ਹੋਏ ਚਤੁਰਭੁਜ *EFGH* ਲਈ, ਨਾਮ ਦੱਸੋ:- For the given quadrilateral EFGH, name:-

*(i)* ਸਾਰੇ ਸਿੱਖ਼ਰਾਂ ਦੇ Of all vertices

*(ii)* ਸਾਰੀਆਂ ਭੁਜਾਵਾਂ ਦੇ of all sides

*(iii)* ਸਾਰੇ ਕੋਣ All angles

*(iv) HE* ਦੇ ਸਨਮੁੱਖ ਭੁਜਾ *Sides opposite to HE*




13. 15 ਕਾਪੀਆਂ ਦਾ ਮੁੱਲ ₹180 ਹੈ। ਅਜਿਹੀਆਂ 8 ਕਾਪੀਆਂ ਦਾ ਮੁੱਲ ਪਤਾ ਕਰੋ। 15 copies are priced at ₹180. Find the value of 8 such copies.

ਜਾਂ Or

₹175 ਨੂੰ ਪ੍ਰੀਤ ਅਤੇ ਸੁੱਖੀ ਵਿੱਚ 4:3 ਅਨੁਪਾਤ ਵਿੱਚ ਵੰਡੋ। Divide ₹175 between Preet and Sukhi in the ratio of 4:3.

## ਭਾਗ-ਸ Part -D

**ਹਰੇਕ ਪ੍ਰਸ਼ਨ ਦਾ 6 ਅੰਕ ਹੈ । Each question carries 6 marks**


14. 15, 24 ਅਤੇ 30 ਦੇ ਸਾਂਝੇ ਗੁਣਨਖੰਡ ਲਿਖੋ। Write the common factors of 15, 24 and 30.

ਜਾਂ Or

ਸੰਖਿਆਵਾਂ 56, 72 ਅਤੇ 144 ਦਾ ਲ.ਸ.ਵ ਪਤਾ ਕਰੋ। Find the L.C.M. of the numbers 56, 72 and 144.

15. ਦਿੱਤੀ ਆਕ੍ਰਿਤੀ ਦਾ ਪਰਿਮਾਪ ਪਤਾ ਕਰੋ।

Find the Perimeter of the given figure.




ਜਾਂ Or

ਇੱਕ ਆਇਤ ਦਾ ਖੇਤਰਫਲ 216 ਵਰਗ ਸਮ ਹੈ ਅਤੇ ਇਸਦੀ ਲੰਬਾਈ 12 ਸਮ ਹੈ। ਇਸਦੀ ਚੌੜਾਈ ਪਤਾ ਕਰੋ।

The area of a rectangle is 216 square cm and its length is 12 cm. Find its width.

16. 6ਵੀਂ ਜਮਾਤ ਦੇ ਵਿਦਿਆਰਥੀਆਂ ਦੇ ਕੱਦ (ਸਮ ਵਿੱਚ) ਦੀ ਸੂਚਨਾ ਇਸ ਪ੍ਰਕਾਰ ਹੈ- ਇਹਨਾਂ ਅੰਕੜਿਆਂ ਨੂੰ ਮਿਲਾਣ ਚਿਨ੍ਹਾਂ ਦੀ ਵਰਤੋਂ ਕਰਕੇ ਸਾਰਣੀ ਰੂਪ ਵਿੱਚ ਦਰਸਾਓ। The information about the height (in numbers) of the students of class 6 is as follows.Express these figures in tabular form using tally marks.

116, 117, 125, 116, 118, 120, 125, 121, 124, 117, 116, 115, 119, 121 124, 117, 116, 119, 123, 120, 116, 121, 119, 116, 118, 125, 116, 119, 123, 122, 121, 120

ਜਾਂ Or

ਹਰਜੀਤ ਦੁਆਰਾ ਵੱਖ-ਵੱਖ ਵਿਸ਼ਿਆਂ ਵਿੱਚੋਂ ਪ੍ਰਾਪਤ ਅੰਕ ਹੇਠਾਂ ਅਨੁਸਾਰ ਹਨ :

Marks obtained by Harjit in various subjects are as follows:

| ਵਿਸ਼ਾ Suject | ਪੰਜਾਬੀ Punjabi | ਅੰਗਰੇਜੀ English | ਹਿੰਦੀ Hindi | ਗਣਿਤ Math | ਵਿਗਿਆਨ Science |
|---|---|---|---|---|---|
| ਪ੍ਰਾਪਤ ਅੰਕ Marks obtained | **43** | **40** | **45** | **48** | **37** |

(i) ਕਿਸ ਵਿਸ਼ੇ ਵਿੱਚ ਹਰਜੀਤ ਦੇ ਸਭ ਤੋਂ ਵੱਧ ਅੰਕ ਹਨ? In which subject does Harjit have maximum marks?

(ii) ਕਿਸ ਵਿਸ਼ੇ ਵਿੱਚ ਹਰਜੀਤ ਦੇ ਸਭ ਤੋਂ ਘੱਟ ਅੰਕ ਹਨ? In which subject does Harjit have the lowest marks?

(iii) ਗਣਿਤ ਵਿੱਚ ਉਸਨੇ ਕਿੰਨੇ ਅੰਕ ਪ੍ਰਾਪਤ ਕੀਤੇ? How many marks did he score in Mathematics?

(iv) ਅੰਗਰੇਜ਼ੀ ਵਿੱਚ ਉਸਨੇ ਕਿੰਨੇ ਅੰਕ ਪ੍ਰਾਪਤ ਕੀਤੇ? How many marks did he score in English?

(v) ਕਿੰਨੇ ਵਿਸ਼ਿਆਂ ਵਿੱਚ ਉਸਨੇ 45 ਤੋਂ ਵੱਧ ਅੰਕ ਪ੍ਰਾਪਤ ਕੀਤੇ? In how many subjects did he score more than 45 marks?